ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ
ਸਿੱਖਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)
ਫੋਨ ਨੰ:0172-5212313,5212322

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ (ਵੈਬਸਾਇਟ ਰਾਹੀਂ)
3. ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. ASPD/Plan/RMSA/2015/581 - 89 ਮਿਤੀ: 21 / 05 / 2015

**ਵਿਸ਼ਾ:- ਸਕੂਲ/ਸਿੱਖਿਆ ਸੰਸਥਾਵਾਂ ਵਿੱਚ ਵਰਲਡ ਨੋ ਤੰਬਾਕੂ ਦਿਵਸ ਮਨਾਉਣ ਸਬੰਧੀ।**

ਹਵਾਲਾ: ਇਸ ਦਫਤਰ ਦੇ ਪੱਤਰ ਨੰ: ਡਿ.ਐਸ.ਪੀ.ਡੀ/ਰਮਸਅ/2011/ R000432 ਮਿਤੀ 13.1.2011, ਡਿ.ਐਸ.ਪੀ.ਡੀ/ ਰਮਸਅ/ 2011/ R005378 ਮਿਤੀ 5.11.2013, ਡਿ.ਐਸ.ਪੀ.ਡੀ/ ਰਮਸਅ/2011/R005709 ਮਿਤੀ 18.12.2013, ਏ.ਐਸ.ਪੀ.ਡੀ/ ਪਲਾਨ/ਰਮਸਅ/2015/800 ਮਿਤੀ 14-01-2015 ਅਤੇ ਏ.ਐਸ.ਪੀ.ਡੀ/ਪਲਾਨ /2015/ਰਮਸਅ/1245 ਮਿਤੀ 20-01-2015।

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਕਿ ਸਾਰੇ ਸੰਸਾਰ ਵਿੱਚ 31 ਮਈ ਨੂੰ ਹਰ ਸਾਲ ਵਰਲਕ ਨੋ ਤੰਬਾਕੂ ਦਿਵਸ ਮਨਾਇਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 29 ਅਤੇ 30 ਮਈ 2015 ਨੂੰ ਸਕੂਲ/ਸਿੱਖਿਆ ਸੰਸਥਾਵਾਂ ਵਿੱਚ ਵਰਲਡ ਨੋ ਤੰਬਾਕੂ ਦਿਵਸ ਮਨਾਇਆ ਜਾਣਾ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਰਸਾਈਆਂ ਮਿਤੀਆਂ ਨੂੰ ਆਪ ਵਲੋਂ ਸਕੂਲ/ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਫਰੀ ਬਣਾਉਣ ਲਈ ਅਤੇ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਜਿਲ੍ਹਾ ਸਿੱਖਿਆ ਦਫ਼ਤਰ, ਸਕੂਲ/ਵਿਦਿਅਕ ਸੰਸਥਾਵਾਂ ਵਿੱਚ ਹੇਠ ਲਿਖੀਆਂ ਗਤੀਵਿਧੀਆ ਕਰਵਾਈਆਂ ਜਾਣ:-

1. ਆਪ ਵਲੋਂ ਆਪਣੇ ਦਫ਼ਤਰ/ਸਕੂਲ ਦੇ ਅਮਲੇ ਨਾਲ ਮੀਟਿੰਗ ਕੀਤੀ ਜਾਵੇ ਅਤੇ ਸਮੂਹ ਅਮਲੇ ਨੂੰ ਕੋਟਪਾ ਐਕਟ 2003 ਦੀ ਧਾਰਾ 6 ਬਾਰੇ ਜਾਣੂ ਕਰਵਾਇਆ ਜਾਵੇ।
2. ਤੰਬਾਕੂ ਕੰਟਰੋਲ ਸਬੰਧੀ ਹਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ) ਦੇ ਦਫਤਰ ਵਿਖੇ, ਹਰ ਸਿੱਖਿਆ ਅਤੇ ਸਿਖਲਾਈ ਸੰਸਥਾ ਅਤੇ ਹਰ ਸਕੂਲ ਵਿਖੇ ਤੰਬਾਕੂ ਐਕਟ ਦੀ ਪਾਲਣਾਂ ਹਿੱਤ ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਸ ਦੇ ਨਾਮ ਅਤੇ ਸੰਪਰਕ ਨੰਬਰ ਸੰਸਥਾ/ਸਕੂਲ ਦੀ ਬਾਹਰਲੀ ਦੀਵਾਰ ਤੇ ਪ੍ਰਦਰਸ਼ਿਤ ਕੀਤਾ ਜਾਵੇ।

3. ਹਰ ਸਕੂਲ/ਵਿਦਿਅਕ ਸੰਸਥਾਵਾਂ ਵਿਖੇ ਪਹਿਲਾਂ ਜਾਰੀ ਦਿਸ਼ਾਨਿਰਦੇਸ਼ਾਂ ਅਨੁਸਾਰ ਬਣਾਈ ਗਈ ਤੰਬਾਕੂ ਕੰਟਰੋਲ ਕਮੇਟੀ (ਕਾਪੀ ਨੱਥੀ) ਵੱਲੋ ਇਹ ਚੈੱਕ ਕੀਤਾ ਜਾਵੇ ਕਿ ਸਕੂਲ/ਵਿਦਿਅਕ ਸਸੰਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ (ਗੁਟਕਾ, ਪਾਨ ਮਸਾਲਾ ਆਦਿ) ਦੀ ਵਿਕਰੀ ਤਾਂ ਨਹੀਂ ਹੋ ਰਹੀ ਹੈ। ਇਸ ਕਮੇਟੀ ਵੱਲੋ ਇਹ ਵੀ ਚੈਕ ਕੀਤਾ ਜਾਵੇ ਕਿ ਇਸ ਸਬੰਧੀ ਜਰੂਰੀ ਸੰਕੇਤ ਸਕੂਲ/ਵਿਦਿਅਕ ਸੰਸਥਾਵਾ ਦੇ ਮੁੱਖ ਗੇਟ ਅਤੇ ਬਾਹਰੀ ਦੀਵਾਰਾਂ ਦੇ ਦਰਸਾਏ ਗਏ ਹਨ।
4. ਜੇਕਰ ਸਕੂਲ/ਵਿਦਿਅਕ ਸਸੰਥਾ ਦੇ 100 ਗਜ਼ ਦੇ ਘੇਰੇ ਅੰਦਰ ਕੋਈ ਵੀ ਤੰਬਾਕੂ ਉਤਪਾਦਾਂ ਦੀ ਵਿਕਰੀ ਹੁੰਦੀ ਪਾਈ ਜਾਂਦੀ ਹੈ, ਤਾਂ ਉਸ ਨੂੰ ਬੰਦ ਕਰਵਾਉਣ ਲਈ ਸੰਸਥਾ ਦੇ ਪੁਲਿਸ ਅਤੇ ਪੰਚਾਇਤ/ਮਿਉਂਸਿਪਲ ਕਮੇਟੀ ਦੀ ਮਦਦ ਲਈ ਜਾਵੇ।
5. ਜੇਕਰ ਸਕੂਲ/ਵਿਦਿਅਕ ਸਸੰਥਾ ਵਿੱਚ ਕੋਟਪਾ ਐਕਟ ਧਾਰਾ ਸ਼ੈਕਸ਼ਨ 4 ਅਤੇ 6 ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਸਕੂਲ/ਵਿਦਿਅਕ ਸੰਸਥਾ ਦੇ ਮੁੱਖੀ ਇਸਦੇ ਜਿੰਮੇਵਾਰ ਹੋਣਗੇ।
6. ਮਿਤੀ 29 ਅਤੇ 30 ਮਈ ਨੂੰ ਸਕੂਲ/ਵਿਦਿਅਕ ਸੰਸਥਾਵਾਂ ਵਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਜਿਸ ਤਹਿਤ ਹਰ ਸਕੂਲ/ ਵਿਦਿਅਕ ਸਸੰਥਾ ਵਿੱਚ ਸੈਮੀਨਾਰ, ਭਾਸ਼ਣ ਪ੍ਰਤੀਯੋਗਤਾ, ਕਵਿਤਾ ਤੇ ਲੇਖ ਪ੍ਰਤੀਯੋਗਤਾ, ਤੰਬਾਕੂ ਵਿਰੋਧੀ ਸਲੋਗਨ, ਪੇਟਿੰਗ ਮੁਕਾਬਲੇ ਅਤੇ ਨਾਟਕ ਆਦਿ ਕਰਵਾਏ ਜਾਣ ਅਤੇ ਸਥਾਨਕ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀਆਂ ਵੀ ਕੱਢੀਆਂ ਜਾਣ।
7. ਹਰ ਸਕੂਲ/ ਵਿਦਿਅਕ ਸਸੰਥਾ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਤੀ 29-05-2015 ਨੂੰ ਸਵੇਰੇ 9:00 ਵਜੇ ਇਹ ਸੰਹੁ ਚੁਕੀ ਜਾਵੇ
   "ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਮੈਂ ਪੂਰੀ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦਾ ਕਿਸੀ ਵੀ ਰੂਪ ਵਿੱਚ ਵਰਤੋਂ ਨਹੀਂ ਕਰਾਂਗੀ/ਕਰਾਂਗਾ। ਮੈਂ ਇਹ ਵੀ ਵਾਅਦਾ ਕਰਦੀ/ਕਰਦਾ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋ ਕਰਦੀ/ਕਰਦਾ ਹੈ ਤਾਂ ਮੈਂ ਉਸ ਨੂੰ ਤੰਬਾਕੂ ਦੇ ਮਾੜੇ ਸੇਵਨ ਬਾਰੇ ਜਾਗਰੂਕ ਕਰਾਗੀ/ਕਰਾਂਗਾ ਅਤੇ ਉਸ ਦੀ ਇਸ ਆਦਤ ਨੂੰ ਛੁੱਡਵਾਉਣ ਵਿਚ ਮਦਦ ਕਰਾਂਗਾ/ਕਰਾਂਗੀ।"
8. ਉਕਤ ਸਬੰਧੀ ਕੀਤੀ ਗਈ ਕਾਰਵਾਈ ਦੀ ਰਿਪੋਰਟ ਮੁੱਖ ਦਫ਼ਤਰ ਦੀ E-mail ID rmsaplanning@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਅਜੂਕੇਸ਼ਨ,
ਪੰਜਾਬ

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਚੰਡੀਗੜ੍ਹ
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212310

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)/(ਐ.ਸਿ), ਪੰਜਾਬ।
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ,ਪੰਜਾਬ (ਵੈਬਸਾਈਟ ਰਾਹੀਂ)
3. ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.ਏ.ਐਸ.ਪੀ.ਡੀ/ਪਲਾਨਿੰਗ/ਰਮਸਅ/2013/R005378 ਮਿਤੀ : 05.11.2013

ਵਿਸ਼ਾ:- ਤੰਬਾਕੂ ਮੁਕਤ ਸਕੂਲ/ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਨ ਹਿੱਤ ਦਿਸ਼ਾ ਨਿਰਦੇਸ਼।
ਹਵਾਲਾ: ਡਿ.ਐਸ.ਪੀ.ਡੀ./ ਰਮਸਅ /2010/R054114 ਅਤੇ ਡਿ.ਐਸ.ਪੀ.ਡੀ./ ਰਮਸਅ/ 2010/R00432 ਮਿਤੀ 13-01-2011

ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦਿਵਾਉਦੇਂ ਇਕ ਵਾਰ ਫਿਰ ਲਿਖਿਆ ਜਾਂਦਾ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂਸਕੂਲ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. ਸਕੂਲ/ਸੰਸਥਾਂ ਦੇ ਮੁੱਖ ਗੇਟ ਕੋਲ ਬਾਹਰੀ ਦੀਵਾਰ ਤੇ "ਤੰਬਾਕੂ ਮੁਕਤ ਸਕੂਲ" ਜਾਂ "ਤੰਬਾਕੂ ਮੁਕਤ ਸੰਸਥਾਂ" ਦਾ ਬੋਰਡ ਲਗਾਇਆ ਜਾਵੇ ।
2. ਸਕੂਲ/ਵਿਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਦੀ ਮਨਾਹੀ ਹੋਵੇ ਅਤੇ ਇਸ ਸਬੰਧੀ ਜਰੂਰੀ ਸੰਕੇਤ (Signage) ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦਿਵਾਰਾਂ ਤੇ ਦਰਸਾਏ ਜਾਣ ।
3. ਸਕੂਲ/ਸੰਸਥਾ ਦੇ ਅਹਾਤੇ (ਕੈਂਪਸ) ਅੰਦਰ ਕੋਈ ਵੀ ਵਿਦਿਆਰਥੀ, ਅਧਿਆਪਕ , ਹੋਰ ਸਕੂਲ ਸਟਾਫ਼ ਅਤੇ ਬਾਹਰੋਂ ਆਉਣ ਵਾਲੇ ਵਿਅਕਤੀ ਕਿਸੇ ਵੀ ਤੰਬਾਕੂ ਉਤਪਾਦ ਦਾ ਸੇਵਨ ਨਹੀਂ ਕਰੇਗਾ ।
4. ਇਸ ਸਬੰਧੀ **"No Smoking Area- Smoking Here is Offence"** "ਤੰਬਾਕੂਨੋਸ਼ੀ-ਮੁਕਤ ਖੇਤਰ- ਇੱਥੇ ਤੰਬਾਕੂਨੋਸ਼ੀ ਅਪਰਾਧ ਹੈ" ਦੇ 60 × 30 ਸੈ.ਮੀ ਦੇ ਸੰਕੇਤ ਬੋਰਡ ਸਕੂਲ ਅਹਾਤੇ ਦੇ ਅੰਦਰ ਦਰਸਾਏ ਜਾਣ।
5. ਤੰਬਾਕੂ ਦੇ ਸਿਹਤ ਉਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਸਕੂਲਾਂ ਦੇ ਅੰਦਰ ਪੋਸਟਰ ਲਗਾਏ ਜਾਣ ਅਤੇ ਵਿਦਿਆਰਥੀਆਂ ਨੂੰ ਵੀ ਇਸ ਕਾਰਜ਼ ਲਈ ਪੋਸਟਰ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।
6. ਸਕੂਲ/ਸੰਸਥਾਂ ਦੇ ਪ੍ਰਿੰਸੀਪਲ /ਮੁੱਖੀ ਕੋਲ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਸਬੰਧੀ ਕਾਨੂੰਨ ਐਕਟ (COTPA 2003) ਦੀ ਕਾਪੀ ਹੋਣੀ ਚਾਹੀਦੀ ਹੈ।ਇਸ ਨੂੰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਵੈਬਸਾਈਟ www.mohfw.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ।

7. ਸਕੂਲ/ਸੰਸਥਾ ਵਿੱਚ ਤੰਬਾਕੂ ਕੰਟਰੋਲ ਕਮੇਟੀ ਬਣਾਈ ਜਾਵੇ ਜਿਸ ਵਿੱਚ ਸਾਇੰਸ ਅਧਿਆਪਕ, ਸਕੂਲ ਕਾਊਂਸਲਰ (ਜੇਕਰ ਉਪਲੱਬਧ ਹੋਵੇ), NSS/NCC ਸਕਾਊਟ ਦੇ ਵਿਦਿਆਰਥੀ, ਘੱਟੋ-ਘੱਟੋ 2 ਵਿਦਿਆਰਥੀਆਂ ਦੇ ਮਾਪੇ, ਸਬੰਧਤ ਏਰੀਏ ਦਾ ਐਮ.ਐਲ.ਏ, ਐਸ.ਐਚ.ਓ , ਮਿਊਂਸਪਲ ਕਾਉਂਸਲਰ/ਪੰਚ, ਪੀ.ਆਰ.ਆਈ ਦਾ ਮੈਬਰ ਆਦਿ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦਾ ਚੇਅਰਮੈਨ ਸਕੂਲ/ਸੰਸਥਾ ਦਾ ਮੁੱਖੀ ਹੋ ਸਕਦਾ ਹੈ।ਇਹ ਕਮੇਟੀ ਸਕੂਲ/ਸੰਸਥਾ ਵਲੋਂ ਤੰਬਾਕੂ ਮੁਕਤ ਕਰਾਉਣ ਲਈ ਕੀਤੇ ਜਾ ਰਹੇ ਕੰਮਾਂ ਦੀ ਮੋਨੀਟਰਿੰਗ ਕਰੇਗੀ ਅਤੇ ਤਿਮਾਹੀ ਮੀਟਿੰਗ ਕਰਨ ਉਪਰੰਤ ਇਸ ਦੀ ਰਿਪੋਰਟ ਜਿਲ੍ਹਾ ਪ੍ਰਸ਼ਾਸਨ ਨੂੰ ਦਵੇਗੀ ।

8. ਸਕੂਲ/ਸੰਸਥਾ ਵਿੱਚ ਪਹਿਲਾਂ ਤੋਂ ਚੱਲ ਰਹੇ ਸਿਹਤ ਪ੍ਰੋਗਰਾਮਾਂ ਵਿੱਚ ਤੰਬਾਕੂ ਨਿਯੰਤਰਣ ਸਬੰਧੀ ਕੀਤੀ ਗਈ ਕਾਰਵਾਈਆਂ ਦੀ ਸ਼ਮੂਲੀਅਤ ਵੀ ਕੀਤੀ ਜਾਵੇ।

9. ਸਕੂਲ/ਸੰਸਥਾ ਦੀ ਸਟੇਸ਼ਨਰੀ ਉੱਤੇ ਤੰਬਾਕੂ-ਵਿਰੋਧੀ ਸਲੋਗਨ ਲਿਖੇ ਜਾਣ।

10. ਸਕੂਲ ਦੇ ਵਿਦਿਆਰਥੀਆਂ /ਅਧਿਆਪਕਾਂ/ਹੋਰ ਸਟਾਫ਼ ਵੱਲੋਂ ਤੰਬਾਕੂ ਵਿਰੋਧੀ ਕੀਤੇ ਜਾ ਰਹੇ ਕੰਮਾਂ ਨੂੰ ਸਕੂਲ/ਸੰਸਥਾ ਮੁੱਖੀ/ਪ੍ਰਿੰਸੀਪਲ ਦੁਆਰਾ ਉਤਸ਼ਾਹਿਤ ਕਰਦੇ ਹੋਏ ਸਬੰਧਤ ਵਿਅਕਤੀਆਂ ਨੂੰ ਪ੍ਰੰਸ਼ਸਾ ਪੱਤਰ ਜਾਂ ਐਵਾਰਡ ਦਿੱਤੇ ਜਾ ਸਕਦੇ ਹਨ।

11. ਰਾਜ ਸਿਹਤ ਵਿਭਾਗ ਦੇ ਰਾਜ ਨੋਡਲ ਅਫ਼ਸਰ ਨੂੰ ਤੰਬਾਕੂ-ਨਿਯੰਤਰਣ ਸਬੰਧੀ ਤਕਨੀਕੀ ਜਾਂ ਹੋਰ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ।

12. ਉਕਤ ਤੋਂ ਇਲਾਵਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਲੋਗੋ ਦੀਆਂ ਕਾਪੀਆਂ (ਪੱਤਰ ਨਾਲ ਨੱਥੀ) ਸਾਰੇ ਸਕੂਲਾਂ/ਸੰਸਥਾਵਾਂ ਵਿੱਚ ਜਾਰੀ ਕੀਤੀਆਂ ਜਾਣ ਅਤੇ ਸਵੈ-ਘੋਸ਼ਣਾ ਪੱਤਰ (ਨਾਲ 'ਨੱਥੀ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਵਲੋਂ ਭਰ ਕੇ 31-12-2013 ਤੱਕ ਆਰ.ਐਮ.ਐਸ.ਏ ਪਲਾਨਿੰਗ ਦੀ ਈ.ਮੇਲ rmsaplanning@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ।

13. ਉਪਰੋਕਤ ਨਿਰਦੇਸ਼ਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**